# ਨਵੇਂ ਬਣਨ ਵਲੇ ਮਾਪਿਆਂ ਲਈ ਮਹੱਤਵਪੂਰਨ ਜਾਣਕਾਰੀ

## ਅੱਜ ਲਏ ਗਏ ਫੈਸਲੇ ਤੁਹਾਡੇ ਬੱਚੇ ਦੇ ਭਵਿੱਖ ਨੂੰ ਪ੍ਰਭਾਵਤ ਕਰਦੇ ਹਨ

ਜਦੋਂ ਤੁਹਾਡਾ ਬੱਚਾ ਹੋਣ ਵਾਲਾ ਹੈ ਤਾਂ ਬਹੁਤ ਸਾਰੀਆਂ ਸ਼ਾਨਦਾਰ ਯੋਜਨਾਵਾਂ ਬਣਾਉਣੀਆਂ ਹੁੰਦੀਆਂ ਹਨ। ਪਰ ਤੁਹਾਨੂੰ ਬਹੁਤ ਸਾਰੇ ਮਹੱਤਵਪੂਰਨ ਫੈਸਲੇ ਵੀ ਲੈਣੇ ਪੈਣਗੇ। ਤੁਹਾਡੇ ਬੱਚੇ ਦਾ ਜਨਮ ਕਿਸੇ ਅਜਿਹੇ ਹਸਪਤਾਲ ਵਿੱਚ ਹੋ ਸਕਦਾ ਹੈ ਜਿਸਨੂੰ ਕੈਲੀਫੋਰਨੀਆ ਵਿੱਚ ਨਵਜਾਤ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਦਾ ਪ੍ਰੋਗਰਾਮ (NHSP) ਵਿੱਚ ਹਿੱਸਾ ਲੈਣ ਲਈ ਮਨਜ਼ੂਰੀ ਦਿੱਤੀ ਗਈ ਹੈ। ਹਸਪਤਾਲ ਵਿੱਚ ਰਹਿਣ ਦੌਰਾਨ ਤੁਹਾਨੂੰ ਘਰ ਜਾਣ ਤੋਂ ਪਹਿਲਾਂ ਆਪਣੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕਰਵਾਉਣ ਦਾ ਮੌਕਾ ਦਿੱਤਾ ਜਾਵੇਗਾ।

ਕਿਉਂਕਿ ਸੁਣਨ ਸ਼ਕਤੀ ਦੀ ਘਾਟ ਹੋਣਾ ਅਦਿੱਖ ਹੋ ਸਕਦਾ ਹੈ, ਇਸ ਲਈ ਆਪਣੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕਰਵਾਉਣ ਦਾ ਫੈਸਲਾ ਮਹੱਤਵਪੂਰਨ ਹੈ। ਹੁਣ, ਤਕਨਾਲੋਜੀ ਬੱਚੇ ਦੇ ਜੀਵਨ ਦੇ ਸ਼ੁਰੂਆਤੀ ਦਿਨਾਂ ਵਿੱਚ ਸੁਣਨ ਸ਼ਕਤੀ ਦੀ ਘਾਟ ਦਾ ਪਤਾ ਲਗਾਉਣਾ ਸੰਭਵ ਬਣਾਉਂਦੀ ਹੈ।

ਬੱਚੇ ਦੇ ਜੀਵਨ ਦੇ ਪਹਿਲੇ ਮਹੀਨੇ ਅਤੇ ਸਾਲ ਸੰਚਾਰ ਹੁਨਰ ਵਿਕਸਿਤ ਕਰਨ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਜਿਸ ਬੱਚੇ ਨੂੰ ਸੁਣਨ ਸ਼ਕਤੀ ਦੀ ਘਾਟ ਜਾਂ ਬੋਲ਼ਾਪਣ ਹੈ, ਉਸਨੂੰ ਆਮ ਭਾਸ਼ਾ ਦੇ ਹੁਨਰ ਵਿਕਸਿਤ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ ਜਾਂ ਉਹ ਸਕੂਲ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕਦਾ। ਇਸ ਲਈ ਇਹ ਮਹੱਤਵਪੂਰਨ ਹੈ ਕਿ ਬੱਚੇ ਵਿੱਚ ਇਸ ਘਾਟ ਦੀ ਜਲਦੀ ਪਛਾਣ ਕੀਤੀ ਜਾਵੇ ਅਤੇ ਬੱਚੇ ਅਤੇ ਪਰਿਵਾਰ ਨੂੰ ਵਿਸ਼ੇਸ਼ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ।

ਅਮੈਰੀਕਨ ਅਕੈਡਮੀ ਔਫ਼ ਪੀਡੀਆਟ੍ਰਿਕਸ ਅਤੇ ਹੋਰ ਪੇਸ਼ੇਵਰ ਸੰਸਥਾਵਾਂ ਸਾਰੇ ਨਵਜਾਤ ਬੱਚਿਆਂ ਲਈ ਸੁਣਨ ਸ਼ਕਤੀ ਦੀ ਜਾਂਚ ਦੀ ਸਿਫ਼ਾਰਿਸ਼ ਕਰਦੀਆਂ ਹਨ ਅਤੇ ਸ਼ੁਰੂਆਤੀ ਸਾਲਾਂ ਦੌਰਾਨ ਬੱਚਿਆਂ ਦੀ ਸੁਣਨ ਸ਼ਕਤੀ ਦੀ ਨੇੜਿਓਂ ਨਿਗਰਾਨੀ ਨੂੰ ਉਤਸ਼ਾਹਿਤ ਕਰਦੀਆਂ ਹਨ।

## ਕਿੰਨੇ ਬੱਚਿਆਂ ਨੂੰ ਸੁਣਨ ਸ਼ਕਤੀ ਦੀ ਘਾਟ ਹੁੰਦੀ ਹੈ?

1,000 ਬੱਚਿਆਂ ਵਿੱਚੋਂ ਲਗਭਗ 2-4 ਬੱਚਿਆਂ ਵਿੱਚ ਸੁਣਨ ਸ਼ਕਤੀ ਦੀ ਗੰਭੀਰ ਕਮੀ ਪਾਈ ਜਾਂਦੀ ਹੈ। ਸੁਣਨ ਸ਼ਕਤੀ ਦੀ ਘਾਟ ਵਾਲੇ ਲਗਭਗ 50% ਬੱਚਿਆਂ ਵਿੱਚ ਕੋਈ ਜਾਣੇ-ਪਛਾਣੇ ਲੱਛਣ ਜਾਂ ਜੋਖ਼ਮ ਕਾਰਕ ਨਹੀਂ ਹੁੰਦੇ, ਜਿਵੇਂ ਕਿ ਗੰਭੀਰ ਬਿਮਾਰੀ ਜਾਂ ਬੋਲ਼ੇਪਣ ਦਾ ਪਰਿਵਾਰਕ ਇਤਿਹਾਸ। ਕੁਝ ਬੱਚਿਆਂ ਨੂੰ ਵਾਰ-ਵਾਰ ਕੰਨਾਂ ਦੀ ਲਾਗ, ਮੈਨਿਨਜਾਈਟਿਸ, ਸਿਰ ਦੀ ਸੱਟ ਜਾਂ ਹੋਰ ਮੈਡੀਕਲ ਸਥਿਤੀਆਂ ਕਾਰਨ ਜੀਵਨ ਵਿੱਚ ਬਾਅਦ ਵਿੱਚ ਸੁਣਨ ਸ਼ਕਤੀ ਦੀ ਘਾਟ ਹੋ ਸਕਦੀ ਹੈ। ਕਈ ਵਾਰ ਬੱਚੇ ਆਪਣੀ ਸੁਣਨ ਸ਼ਕਤੀ ਗੁਆ ਦਿੰਦੇ ਹਨ, ਅਤੇ ਇਸਦਾ ਕਾਰਨ ਕਦੇ ਪਤਾ ਨਹੀਂ ਲੱਗਦਾ।

## ਅਸੀਂ ਸੁਣਨ ਸ਼ਕਤੀ ਦੀ ਜਾਂਚ ਕਿਵੇਂ ਕਰਦੇ ਹਾਂ?

ਨਵਜਾਤ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਜਦੋਂ ਤੁਹਾਡਾ ਬੱਚਾ ਸੌਂਦਾ ਹੈ ਤਾਂ ਸਕ੍ਰੀਨਿੰਗ ਸਿਰਫ਼ ਕੁਝ ਮਿੰਟਾਂ ਵਿੱਚ ਹੁੰਦੀ ਹੈ। ਬੱਚਿਆਂ ਲਈ ਖਾਸ ਤੌਰ 'ਤੇ ਬਣਾਏ ਗਏ ਈਅਰਫੋਨ ਰਾਹੀਂ ਨਰਮ ਆਵਾਜ਼ਾਂ ਸੁਣਾਈਆਂ ਜਾਂਦੀਆਂ ਹਨ। ਤੁਹਾਡੇ ਬੱਚੇ ਦੀ ਆਵਾਜ਼ ਪ੍ਰਤੀ ਪ੍ਰਤੀਕਿਰਿਆ ਆਪਣੇ ਆਪ ਹੀ ਓਟੋਆਕੋਸਟਿਕ ਐਮੀਸ਼ਨ (OAE) ਜਾਂ ਆਡੀਟਰੀ ਬ੍ਰੇਨਸਟੈਮ ਰਿਸਪਾਂਸ (ABR) ਦੁਆਰਾ ਮਾਪੀ ਜਾਂਦੀ ਹੈ। ਹਸਪਤਾਲ ਛੱਡਣ ਤੋਂ

ਪਹਿਲਾਂ ਤੁਹਾਨੂੰ ਜਾਂਚ ਦੇ ਨਤੀਜੇ ਪ੍ਰਾਪਤ ਹੋਣਗੇ। ਅੱਜ ਦੇ ਜ਼ਮਾਨੇ ਦੇ ਨਵੀਨਤਮ ਆਸਾਨ ਸਕ੍ਰੀਨਿੰਗ ਦੇ ਤਰੀਕੇ ਬਹੁਤ ਭਰੋਸੇਮੰਦ ਹਨ। ਸੁਣਨ ਸ਼ਕਤੀ ਦੀ ਘਾਟ ਵਾਲੇ ਬੱਚੇ ਨੂੰ ਇਸ ਤੋਂ ਬਹੁਤ ਘੱਟ ਹੀ ਖੁੰਝਾਇਆ ਜਾਵੇਗਾ।

## ਸੁਣਨ ਸ਼ਕਤੀ ਦੀ ਜਾਂਚ ਲਈ ਕੌਣ ਭੁਗਤਾਨ ਕਰਦਾ ਹੈ?

ਆਮ ਤੌਰ 'ਤੇ ਨਵਜਾਤ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਦੀ ਲਾਗਤ ਨੂੰ ਬੀਮਾ ਕਵਰ ਕਰਦਾ ਹੈ। ਯੋਗ ਬੱਚਿਆਂ ਦੀ ਜਾਂਚ ਦਾ ਖਰਚਾ Medi-Cal ਵੱਲੋਂ ਅਦਾ ਕੀਤਾ ਜਾਵੇਗਾ।

## ਕੈਲੀਫ਼ੋਰਨੀਆ ਦਾ ਨਵਜਾਤ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਪ੍ਰੋਗਰਾਮ ਕੀ ਹੈ?

ਕੈਲੀਫ਼ੋਰਨੀਆ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ (DHCS) ਚਿਲਡਰਨ ਮੈਡੀਕਲ ਸਰਵਿਸਿਜ਼ (CMS) ਕੋਲ ਇੱਕ ਰਾਜਵਿਆਪੀ ਨਵਜਾਤ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਦਾ ਪ੍ਰੋਗਰਾਮ ਹੈ। ਇਹ ਪ੍ਰੋਗਰਾਮ ਬੱਚਿਆਂ ਵਿੱਚ ਸੁਣਨ ਸ਼ਕਤੀ ਦੀ ਘਾਟ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ ਅਤੇ ਪਰਿਵਾਰਾਂ ਨੂੰ ਸੰਚਾਰ ਹੁਨਰ ਵਿਕਸਿਤ ਕਰਨ ਵਿੱਚ ਮਦਦ ਲਈ ਲੋੜੀਂਦੀਆਂ ਢੁਕਵੀਆਂ ਸੇਵਾਵਾਂ ਵੱਲ ਨਿਰਦੇਸ਼ਿਤ ਕਰ ਸਕਦਾ ਹੈ।

ਕੈਲੀਫ਼ੋਰਨੀਆ ਦੇ ਨਵਜਾਤ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਪ੍ਰੋਗਰਾਮ ਦਾ ਟੀਚਾ ਛੇ ਮਹੀਨੇ ਦੀ ਉਮਰ ਤੱਕ ਸੁਣਨ ਸ਼ਕਤੀ ਦੀ ਘਾਟ ਵਾਲੇ ਬੱਚਿਆਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਸੇਵਾਵਾਂ ਨਾਲ ਜੋੜਨਾ ਹੈ। ਇਸ ਪ੍ਰੋਗਰਾਮ ਵਿੱਚ ਹਿਯਰਿੰਗ ਤਾਲਮੇਲ ਕੇਂਦਰ ਹਨ ਜੋ ਪਰਿਵਾਰਾਂ, ਸਿਹਤ ਸੰਭਾਲ ਪ੍ਰਦਾਤਾਵਾਂ ਅਤੇ ਹਸਪਤਾਲਾਂ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਜੋ ਬੱਚਿਆਂ ਨੂੰ ਲੋੜੀਂਦੀਆਂ ਸੇਵਾਵਾਂ ਮਿਲ ਸਕਣ।

ਨਵਜਾਤ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਦਾ ਪ੍ਰੋਗਰਾਮ ਸਿਹਤ ਅਤੇ ਸੁਰੱਖਿਆ ਕੋਡ ਦੇ ਸੈਕਸ਼ਨ 124119 ਦੇ ਅਨੁਸਾਰ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਹਿਯਰਿੰਗ ਤਾਲਮੇਲ ਕੇਂਦਰ ਇਸ ਜਾਣਕਾਰੀ ਦੀ ਵਰਤੋਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਕਰ ਸਕਦੇ ਹਨ। ਇਹ ਸੰਭਵ ਹੈ ਕਿ ਹਿਯਰਿੰਗ ਤਾਲਮੇਲ ਕੇਂਦਰ ਤੁਹਾਡੇ ਨਾਲ ਫਾਲੋ-ਅੱਪ ਸੇਵਾਵਾਂ ਬਾਰੇ ਸੰਪਰਕ ਕਰ ਸਕਦਾ ਹੈ।

**ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਨਵਜਾਤ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਪ੍ਰੋਗਰਾਮ ਬਾਰੇ ਹੋਰ ਜਾਣਨਾ ਚਾਹੁੰਦੇ ਹੋ,**

» ਟੋਲ ਫ੍ਰੀ 1-877-388-5301 'ਤੇ ਕਾੱਲ ਕਰੋ

» ਜਾਂ ਸਾਡੀ ਵੈੱਬਸਾਈਟ www.dhcs.ca.gov/services/nhsp 'ਤੇ ਜਾਓ।